# ਪੰਜਾਬ ਊਰਜਾ ਵਿਕਾਸ ਏਜੰਸੀ
# (ਪੀਡਾ)

ਪੰਜਾਬ ਊਰਜਾ ਵਿਕਾਸ ਏਜੰਸੀ ਨੂੰ ਸਰਕਾਰ ਵੱਲੋਂ ਊਰਜਾ ਦੇ ਗੈਰ ਪ੍ਰੰਪਰਿਕ ਸਾਧਨਾਂ ਨੂੰ ਵਿਕਸਤ ਕਰਨ ਹਿਤ ਨੋਡਲ ਏਜੰਸੀ ਬਣਾਇਆ ਗਿਆ ਹੈ। ਏਜੰਸੀ ਦਾ ਮੁੱਖ ਮੰਤਵ ਊਰਜਾ ਦੇ ਗੈਰ ਪ੍ਰੰਪਰਿਕ ਸਾਧਨਾਂ ਨੂੰ ਲੋਕਾਂ ਤੱਕ ਪ੍ਰਚੱਲਤ ਕਰਨਾ/ਉਪਲੱਬਧ ਕਰਵਾਉਣਾ ਹੈ। ਏਜੰਸੀ ਵੱਲੋਂ ਅਯੋਜਿਤ ਕੀਤੇ ਜਾਂਦੇ ਕੈਂਪਾਂ ਰਾਹੀਂ ਲਾਭਪਾਤਰੀਆਂ ਨੂੰ ਊਰਜਾ ਦੀ ਬੱਚਤ ਕਰਨ ਅਤੇ ਵੱਧ ਤੋਂ ਵੱਧ ਗੈਰ ਪ੍ਰੰਪਰਿਕ ਊਰਜਾ ਸਾਧਨ ਵਰਤਣ ਲਈ ਪ੍ਰੇਰਣਾ ਦਿੱਤੀ ਜਾਂਦੀ ਹੈ। ਜਿਵੇਂ ਕਿ ਅਸੀਂ ਭਲੀਭਾਂਤ ਜਾਣਦੇ ਹਾਂ ਕਿ ਸਾਡੇ ਕੋਲ ਊਰਜਾ ਦੇ ਸਾਧਨ ਜਿਵੇਂ ਕਿ ਤੇਲ, ਕੋਲਾ, ਗੈਸ ਆਦਿ ਦੇ ਸੀਮਿਤ ਭੰਡਾਰ ਹਨ ਅਤੇ ਇਸ ਤੋਂ ਵੀ ਵੱਧ ਇਹਨਾਂ ਦੀ ਵਧੇਰੇ ਵਰਤੋਂ ਨਾਲ ਸਾਡਾ ਵਾਤਾਵਰਨ ਵੀ ਦਿਨੋਂ ਦਿਨ ਪ੍ਰਦੂਸ਼ਤ ਹੋ ਰਿਹਾ ਹੈ। ਇਸ ਲਈ ਅੱਜ ਲੋੜ ਹੈ ਕਿ ਅਸੀਂ ਆਪਣੀ ਊਰਜਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਊਰਜਾ ਦੇ ਵੱਧ ਤੋਂ ਵੱਧ ਗੈਰ ਪ੍ਰੰਪਰਿਕ ਸਾਧਨ ਅਪਣਾਈਏ ਜੋ ਕਿ ਸਾਨੂੰ ਪ੍ਰਕ੍ਰਿਤੀ ਵਿੱਚੋਂ ਮੁਫ਼ਤ ਮਿਲਦੇ ਹਨ, ਜੋ ਕਦੇ ਵੀ ਖਤਮ ਨਹੀਂ ਹੁੰਦੇ ਅਤੇ ਜਿਨ੍ਹਾਂ ਦੀ ਵਰਤੋਂ ਨਾਲ ਸਾਡਾ ਵਾਤਾਵਰਨ ਸਾਫ਼ ਸੁਥਰਾ ਅਤੇ ਸਵੱਛ ਰਹਿੰਦਾ ਹੈ।

ਪੰਜਾਬ ਊਰਜਾ ਵਿਕਾਸ ਏਜੰਸੀ, ਮਾਨਸਾ ਦਾ ਜ਼ਿਲ੍ਹਾ ਪੱਧਰ ਤੇ ਇੰਚਾਰਜ ਜ਼ਿਲ੍ਹਾ ਮੈਨੇਜਰ ਹੈ, ਜਿਸ ਦਾ ਦਫ਼ਤਰ ਅਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ) ਮਾਨਸਾ ਦੇ ਦਫ਼ਤਰ ਵਿੱਚ ਸਥਿਤ ਹੈ। ਪੰਜਾਬ ਊਰਜਾ ਵਿਕਾਸ ਏ ਜੰਸੀ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਸੰਖੇਪ ਵੇਰਵਾ ਨਿਮਨ ਅਨੁਸਾਰ ਹੈ।

## *ਸੋਲਰ ਵਾਟਰ ਪੰਪ ਸਕੀਮ :-*

ਇਸ ਸਕੀਮ ਅਧੀਨ ਪਿੰਡਾਂ ਵਿੱਚ ਸਿੰਚਾਈ ਲਈ ਸੋਲਰ ਪੰਪ ਲਗਾਏ ਜਾਂਦੇ ਹਨ। ਕੋਈ ਵੀ ਕਿਸਾਨ ਜਿਸ ਕੋਲ ਘੱਟੋ ਘੱਟ 3 ਏਕੜ ਜ਼ਮੀਨ ਹੋਵੇ ਇਹ ਪੰਪ ਲਗਵਾ ਸਕਦਾ ਹੈ। 1800 ਵਾਟ ਦੇ ਸੋਲਰ ਪੈਨਲ ਲਗਾਏ ਜਾਂਦੇ ਹਨ ਜਿਸ ਨਾਲ 2 ਹਾਰਸ ਪਾਵਰ ਦੀ ਡੀ.ਸੀ. ਮੋਟਰ ਧੁੱਪ ਨਾਲ ਸਾਰਾ ਦਿਨ ਚਲਦੀ ਹੈ ਅਤੇ ਢਾਈ ਇੰਚ ਮੋਟੀ ਡਲਿਵਰੀ ਪਾਈਪ ਨਾਲ ਪਾਣੀ ਕਢਦੀ ਹੈ। ਹੁਣ ਤੱਕ ਮਾਨਸਾ ਜ਼ਿਲ੍ਹੇ ਵਿੱਚ ਅਜਿਹੇ 65 ਪੰਪ ਲਗਾਏ ਗਏ ਹਨ। ਇਸ ਸਮੇਂ ਇਸ ਸੋਲਰ ਪੰਪ ਦੀ ਭਾਰਤ ਸਰਕਾਰ ਅਤੇ ਰਾਜ ਸਰਕਾਰ ਤੋਂ ਸਬਸਿਡੀ ਉਪਰੰਤ ਕੀਮਤ 65000/- ਰੁਪਏ ਹੈ।

## *ਨੈਸ਼ਨਲ ਬਾਇਓ ਗੈਸ ਮਨਿਓਰ ਮੈਨੇਜਮੈਂਟ ਪ੍ਰੋਗਰਾਮ:-*

ਇਸ ਸਕੀਮ ਅਧੀਨ ਪਿੰਡਾਂ ਵਿੱਚ ਬਾਇਓ ਗੈਸ ਪਲਾਂਟ ਲਗਾਏ ਜਾਂਦੇ ਹਨ। ਇਹਨਾਂ ਪਲਾਂਟਾਂ ਰਾਹੀਂ ਕਿਸਾਨਾਂ ਨੂੰ ਆਪਣੀ ਰਸੋਈ ਗੈਸ ਦੀ ਪੂਰਤੀ ਲਈ ਖਾਣਾ ਬਣਾਉਣ ਲਈ ਸਾਫ਼ ਸੁਥਰੀ ਗੈਸ ਮਿਲਦੀ ਹੈ ਅਤੇ ਗੋਬਰ ਗੈਸ ਪਲਾਂਟ ਤੋਂ ਨਿਕਲਣ ਵਾਲੀ ਖਾਦ ਖੇਤਾਂ ਲਈ ਵਧੀਆ ਖਾਦ ਦਾ ਕੰਮ ਕਰਦੀ ਹੈ। ਸਰਕਾਰ ਵੱਲੋਂ ਇੱਕ ਪਲਾਂਟ ਨੂੰ ਲਗਾਉਣ ਲਈ ਜਨਰਲ ਕੈਟੇਗਰੀ ਲਈ 2700/- ਰੁਪਏ ਪ੍ਰਤੀ ਪਲਾਂਟ, ਐਸ.ਸੀ. ਅਤੇ ਛੋਟੇ ਕਿਸਾਨਾਂ ਲਈ 3500/- ਰੁਪਏ ਪ੍ਰਤੀ ਪਲਾਂਟ ਸਬਸਿਡੀ ਦਿੱਤੀ ਜਾਂਦੀ ਹੈ। ਸਾਲ 2003-04 ਦੌਰਾਨ ਮਾਨਸਾ ਜ਼ਿਲ੍ਹੇ ਵਿੱਚ ਅਜਿਹੇ 74 ਪਲਾਂਟ ਸਥਾਪਤ ਕੀਤੇ ਜਾ ਚੁੱਕੇ ਹਨ ਅਤੇ ਸਾਲ 2004-05 ਲਈ ਜ਼ਿਲ੍ਹੇ ਵਿੱਚ 40 ਪਲਾਂਟ ਲਗਾਉਣ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ।

## ਸੋਲਰ ਸਟਰੀਟ ਲਾਈਟ ਸਿਸਟਮ:-

ਇਸ ਸਕੀਮ ਅਧੀਨ ਪਿੰਡਾਂ ਵਿੱਚ ਰੌਸ਼ਨੀ ਲਈ ਸੋਲਰ ਸਟਰੀਟ ਲਾਈਟਾਂ ਲਗਾਈਆਂ ਜਾਂਦੀਆਂ ਹਨ ਜੋ ਕਿ ਦਿਨ ਸਮੇਂ ਧੁੱਪ ਨਾਲ ਚਾਰਜ ਹੁੰਦੀਆਂ ਹਨ ਅਤੇ ਰਾਤ ਨੂੰ ਸੂਰਜ ਛਿਪਣ ਤੋਂ ਲੈ ਕੇ ਸਵੇਰੇ ਦਿਨ ਚੜ੍ਹਨ ਤੱਕ ਆਪਣੇ ਆਪ ਚਲਦੀਆਂ ਹਨ । ਜ਼ਿਲ੍ਹੇ ਦੇ ਪਿੰਡ ਠੂਠਿਆਂਵਾਲੀ ਅਤੇ ਦਫ਼ਤਰ ਜ਼ਿਲ੍ਹਾ ਪ੍ਰੀਸ਼ਦ, ਮਾਨਸਾ ਵਿਖੇ ਇਹ ਸੋਲਰ ਸਟਰੀਟ ਲਾਈਟਾਂ ਲਗਾਈਆਂ ਗਈਆਂ ਹਨ ।

## ਘਰੇਲੂ ਸੌਰ ਊਰਜਾ ਉਪਕਰਨ:-

ਇਸ ਸਕੀਮ ਅਧੀਨ ਲਾਭਪਾਤਰਾਂ ਨੂੰ ਘਰੇਲੂ ਵਰਤੋਂ ਲਈ ਇੱਕ ਪੱਖਾ, ਇੱਕ ਲਾਈਟ ਅਤੇ ਸੋਲਰ 2 ਲਾਈਟਾਂ ਵਾਲਾ ਸਿਸਟਮ ਸਬਸਿਡੀ 'ਤੇ ਦਿੱਤਾ ਜਾਂਦਾ ਹੈ। ਇਸਤੋਂ ਇਲਾਵਾ ਖਾਣਾ ਬਣਾਉਣ ਲਈ ਸੋਲਰ ਕੁੱਕਰ ਦੀ ਸਕੀਮ ਹੈ । ਸਰਦੀਆਂ ਵਿੱਚ ਧੁੱਪ ਨਾਲ ਪਾਣੀ ਗਰਮ ਕਰਨ ਲਈ ਸੋਲਰ ਵਾਟਰ ਹੀਟਰ ਦੀ ਸਕੀਮ ਚਲਾਈ ਜਾ ਰਹੀ ਹੈ । ਸਾਲ 2003-04 ਦੌਰਾਨ ਅਤੇ ਮਾਲੀ ਸਾਲ 2004-05 ਦੌਰਾਨ 5-5 ਸੋਲਰ ਹੋਮ ਲਾਈਟ ਸਿਸਟਮ ਸਬਸਿਡੀ 'ਤੇ ਇਸ ਸਕੀਮ ਸੰਬੰਧੀ ਜਾਗਰਤੀ ਪੈਦਾ ਕਰਨ ਦੇ ਮੰਤਵ ਲਈ ਦਿੱਤੇ ਜਾ ਚੁੱਕੇ ਹਨ ।

## ਅਨਰਜੀ ਪਾਰਕ:-

ਜ਼ਿਲ੍ਹੇ ਦੇ ਬਾਲ ਭਵਨ/ਦਫ਼ਤਰ ਰੈਡ ਕਰਾਸ, ਮਾਨਸਾ ਵਿਖੇ ਇੱਕ ਅਨਰਜੀ ਪਾਰਕ ਗੈਰ ਰਵਾਇਤੀ ਊਰਜਾ ਮੰਤਰਾਲਾ ਭਾਰਤ ਸਰਕਾਰ ਦੀ ਮੱਦਦ ਨਾਲ ਸਥਾਪਤ ਕੀਤਾ ਗਿਆ ਹੈ । ਜਿਸ ਵਿੱਚ ਊਰਜਾ ਦੇ ਗੈਰ ਪ੍ਰੰਪਰਿਕ ਸਾਧਨਾਂ ਨੂੰ ਪ੍ਰਫੁੱਲਤ ਕਰਨ ਅਤੇ ਜਾਣਕਾਰੀ ਉਪਲੱਬਧ ਕਰਵਾਉਣ ਲਈ ਊਰਜਾ ਦੇ ਸਾਰੇ ਹੀ ਗੈਰ ਪ੍ਰੰਪਰਿਕ, ਜਿਵੇਂ ਕਿ ਸੋਲਰ ਸਟਰੀਟ ਲਾਈਟਾਂ, ਸੋਲਰ ਪੰਪ, ਸੋਲਰ ਵਾਟਰ ਹੀਟਰ, ਸੋਲਰ ਪੱਖਾ ਲਾਈਟ ਸਿਸਟਮ, ਸੋਲਰ ਸਟਿਲ, ਸੋਲਰ ਟੀ.ਵੀ. ਅਤੇ ਸੋਲਰ ਕੁੱਕਰ ਆਦਿ ਲਗਾਏ ਗਏ ਹਨ । ਜਿਨ੍ਹਾਂ ਤੋਂ ਸ਼ਹਿਰ ਅਤੇ ਪਿੰਡਾਂ ਦੇ ਲੋਕਾਂ ਨੂੰ ਭਰਪੂਰ ਜਾਣਕਾਰੀ ਅਤੇ ਉਤਸ਼ਾਹ ਪ੍ਰਾਪਤ ਹੋ ਰਿਹਾ ਹੈ ।